# ਪੰਜਾਬ ਸਟੇਟ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਜਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ)
ਫੋਨ ਨੰ: 0172-5212307,2210019
E-mail-id-mdmpunjab@punjabeducation.gov.in

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਪੰਜਾਬ।

ਮੀਮੋ ਨੰ.ਐਮ.ਡੀ.ਐਮ.ਐਸ/ਜੀ.ਐਮ/2024/133528
ਮਿਤੀ: 30/05/2024

**ਵਿਸ਼ਾ:-** **ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਮਿਡ ਡੇ ਮੀਲ ਦੇਣ ਸਬੰਧੀ ਹਦਾਇਤਾ।**

**ਹਵਾਲਾ:-** **ਡਾਇਰੈਕਟਰ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਵੱਲੋਂ ਜਾਰੀ ਹੁਕਮ ਨੰ.MDM/GENL/77/2021-MDM-DGSE//206908 ਮਿਤੀ 12/12/2023 ਅਤੇ ਐਮ.ਡੀ.ਐਮ.ਐਸ./ਜੀ.ਐਮ./2023/327886 ਮਿਤੀ 13/12/2023 ਦੀ ਲਗਾਤਾਰਤਾ ਵਿੱਚ (ਕਾਪੀ ਨੱਥੀ)**

ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਪੰਜਾਬ ਰਾਜ ਦੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਜਿੱਥੇ ਕੋਈ ਵੀ ਏਡਿਡ ਪੋਸਟ ਤੇ ਰੈਗੂਲਰ ਸਟਾਫ ਨਹੀਂ ਹੈ ਜਾਂ ਸਮੂਹ ਸਟਾਫ ਰਿਟਾਇਰ ਹੋ ਗਿਆ ਹੈ, ਉਨ੍ਹਾਂ ਏਡਿਡ ਸਕੂਲਾਂ ਵਿੱਚ ਮੈਨੇਜਮੈਂਟ ਵੱਲੋਂ ਮਿਡ ਡੇ ਮੀਲ ਦਾ ਰਿਕਾਰਡ ਮੇਨਟੇਨ ਨਹੀਂ ਹੋ ਰਿਹਾ।

2.0 ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਜਿੱਥੇ ਕੋਈ ਵੀ ਏਡਿਡ ਪੋਸਟ ਤੇ ਰੈਗੂਲਰ ਸਟਾਫ ਨਹੀਂ ਹੈ, ਵਿੱਚ ਮਿਡ ਡੇ ਮੀਲ ਕੈਸ਼ ਬੁੱਕ, ਕੁਕਿੰਗ ਕਾਸਟ ਨੂੰ **PFMS Portal** ਰਾਹੀਂ ਅਦਾਇਗੀਆਂ ਕਰਨ, ਕੁੱਕ ਕਮ ਹੈਲਪਰਾਂ ਦੀ ਤਨਖਾਹ ਜਾਰੀ ਕਰਨੀ ਅਤੇ ਅਨਾਜ ਰਜਿਸਟਰ ਮੇਨਟੇਨ ਕਰਨ ਸਬੰਧੀ, ਨੇੜਲੇ ਸਰਕਾਰੀ ਸਕੂਲ ਦੇ ਕਿਸੇ ਅਧਿਆਪਕ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਏਡਿਡ ਸਕੂਲਾਂ ਵਿੱਚ ਮਿਡ ਡੇ ਮੀਲ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਸਕੇ ਅਤੇ ਵਿਦਿਆਰਥੀ ਮਿਡ ਡੇ ਮੀਲ ਤੋਂ ਵਾਂਝੇ ਨਾ ਰਹਿਣ।

3.0 ਜਿਸ ਅਧਿਆਪਕ ਦੀ ਡਿਊਟੀ ਲਗਾਈ ਜਾਂਦੀ ਹੈ, ਉਸਦਾ ਨਾਮ/ਅਹੁੱਦਾ ਸਮੇਤ ਮੋਬਾਇਲ ਨੰਬਰ ਮੁੱਖ ਦਫਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

**ਜਨਰਲ ਮੈਨੇਜਰ**

ਪਿੱ.ਅੰ.ਨੰ. ਐਮ.ਡੀ.ਐਮ.ਐਸ./ਜੀ.ਐਮ./2024/133529 ਮਿਤੀ 30/05/2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
2) ਸਮੂਹ ਸਹਾਇਕ ਬਲਾਕ ਮੈਨੇਜਰ, ਮਿਡ ਡੇ ਮੀਲ,

**ਜਨਰਲ ਮੈਨੇਜਰ**

**ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਚੰਡੀਗੜ੍ਹ**
**ਐਟ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ**
**(ਗਰਾਂਟ ਸ਼ਾਖਾ)**

ਹੁਕਮ ਨੰ. DGSE-MDM0GENL/77/2021-MDM-DGSE/ 206906/ ਅਤਿ ਜ਼ਰੂਰੀ

ਮਿਤੀ, ਐਸ.ਏ.ਐਸ. ਨਗਰ,

ਪੰਜਾਬ ਰਾਜ ਦੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਜਿੱਥੇ ਕੋਈ ਵੀ ਏਡਿਡ ਪੋਸਟ ਤੇ ਰੈਗੂਲਰ ਸਟਾਫ ਨਹੀਂ ਹੈ ਅਤੇ ਸਮੂਹ ਸਟਾਫ ਰਿਟਾਇਰ ਹੋ ਗਿਆ ਹੈ, ਉਨ੍ਹਾਂ ਏਡਿਡ ਸਕੂਲਾਂ ਵਿੱਚ ਮੈਨੇਜਮੈਂਟ ਵੱਲੋਂ ਮਿਡ ਡੇ ਮੀਲ ਦਾ ਰਿਕਾਰਡ ਮੇਨਟੇਨ ਨਹੀਂ ਹੋ ਰਿਹਾ।

ਸਮੂਹ ਜਿਲ੍ਹਾ ਸਿੱਖਿਆ ਅਫਸਰਾਂ (ਸੈ.ਸਿ./ ਐ.ਸਿ.) ਨੂੰ ਹਦਾਇਤ ਕੀਤੀ ਜਾਂਦੀ ਹੈ, ਕਿ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਜਿੱਥੇ ਕੋਈ ਵੀ ਏਡਿਡ ਪੋਸਟ ਤੇ ਰੈਗੂਲਰ ਸਟਾਫ ਨਹੀਂ ਹੈ, ਵਿੱਚ ਮਿਡ ਡੇ ਮੀਲ ਕੈਸ਼ ਬੁੱਕ, ਕੁਕਿੰਗ ਕਾਸਟ ਨੂੰ PFMS Portal ਰਾਹੀਂ ਅਦਾਇਗੀਆਂ ਕਰਨ, ਕੁੱਕ ਕਮ ਹੈਲਪਰਾਂ ਦੀ ਤਨਖਾਹ ਜਾਰੀ ਕਰਨੀ ਅਤੇ ਅਨਾਜ ਰਜਿਸਟਰ ਮੇਨਟੇਨ ਕਰਨ ਸਬੰਧੀ, ਨੇੜਲੇ ਸਰਕਾਰੀ ਸਕੂਲ ਦੇ ਕਿਸੇ ਅਧਿਆਪਕ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਏਡਿਡ ਸਕੂਲਾਂ ਵਿੱਚ ਮਿਡ ਡੇ ਮੀਲ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਸਕੇ ਅਤੇ ਵਿਦਿਆਰਥੀ ਮਿਡ ਡੇ ਮੀਲ ਤੋ ਵਾਂਝੇ ਨਾ ਰਹਿਣ।

ਇਹ ਹੁਕਮ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਡਾਇਰੈਕਟਰ ਆਫ ਸਕੂਲ ਐਜੂਕੇਸ਼ਨ (ਸੈਕੰਡਰੀ)
ਪੰਜਾਬ।

ਪਿੱਠ ਅੰਕਣ ਨੰ. -ਉਕਤ-202332697 75 ਮਿਤੀ, ਐਸ.ਏ.ਐਸ. ਨਗਰ, 12-12-2023

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ -

1. ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ।

ਮੈਨੇਜਰ, ਮਿਡ-ਡੇ ਮੀਲ, ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ।

ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ ਐ.ਸਿ.), ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਹੁਕਮਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਅਤੇ ਸਰਕਾਰੀ ਸਕੂਲ ਦੇ ਜਿਸ ਅਧਿਆਪਕ ਦੀ ਡਿਊਟੀ ਸਬੰਧਤ ਸਹਾਇਤਾ ਪ੍ਰਾਪਤ ਸਕੂਲ ਵਿੱਚ ਲਗਾਈ ਗਈ ਹੈ, ਸਬੰਧੀ ਸੂਚਨਾ ਮੈਨੇਜਰ, ਮਿਡ-ਡੇ ਮੀਲ, ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਡੀ.ਐਮ., ਐਮ.ਆਈ.ਐੱਸ., ਦਫਤਰ ਡੀ.ਜੀ.ਐਸ.ਈ., ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਹੁਕਮਾਂ ਦੀ ਕਾਪੀ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕੀਤੀ ਜਾਵੇ।

12.12.23
ਸਹਾਇਕ ਡਾਇਰੈਕਟਰ (ਪ੍ਰਾ.ਏ.ਸ)